# ਪਸੰਦ ਤੁਹਾਡੀ ਆਪਣੀ ਹੈ

ਕਿਸੇ ਖ਼ਪਤਕਾਰ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਆਪਣੇ ਵਿਕਲਪ ਸਮਝ ਲਵੋ।

CUSTOMER CHOICE

ਜਾਣਕਾਰੀ ਦਾ ਪ੍ਰਮਾਣਕ ਪਰਚਾ

## ਖ਼ਪਤਕਾਰ ਇਕਰਾਰਨਾਮੇ 'ਤੇ ਦਸਤਖ਼ਤ ਕਰਨਾ ਤੁਹਾਡੇ ਲਈ ਜ਼ਰੂਰੀ ਨਹੀਂ ਹੁੰਦਾ।

**ਕਿਸੇ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਵਧੇਰੇ ਜਾਣਕਾਰੀ ਲਈ fortisbc.com/choice ਵੇਖੋ।**

ਜ਼ਰੂਰੀ ਨੋਟ: ਆਪਣੇ ਇਕਰਾਰਨਾਮੇ ਨੂੰ ਰੱਦ ਕਰਨ ਦੀ 10 ਦਿਨਾ ਮਿਆਦ ਪੁੱਗਣ ਤੋਂ ਪਹਿਲਾਂ ਇਹ ਬ੍ਰੋਸ਼ਰ ਪੜ੍ਹ ਲਵੋ।

# ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਕੋਲੋਂ ਤੁਹਾਨੂੰ ਕੀ ਸਵਾਲ ਪੁੱਛਣੇ ਚਾਹੀਦੇ ਹਨ?

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਅਦਾਰੇ ਨਾਲ ਇਕਰਾਰਨਾਮੇ ’ਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਵੋ ਕਿ ਤੁਸੀਂ ਆਪਣੀ ਤਿਆਰੀ ਕਰ ਲਈ ਹੈ। ਗਿਆਨਵਾਨ ਫੈਸਲਾ ਕਰਨ ਲਈ ਲੋੜੀਂਦੀ ਜਾਣਕਾਰੀ ਇਕੱਠੀ ਕਰਨ ਵਾਸਤੇ ਹੇਠ ਲਿਖੇ ਸਵਾਲ ਤੁਹਾਡੇ ਲਈ ਮਦਦਗਾਰ ਹੋ ਸਕਦੇ ਹਨ।

1. ਤੁਸੀਂ ਗੈਸ ਪ੍ਰਤੀ ਗੀਗਾਜਾਊਲ ਕਿਸ ਭਾਅ ਵੇਚਦੇ ਹੋ?
2. ਇਕਰਾਰਨਾਮੇ ਦੀ ਮਿਆਦ ਕਿੰਨੀ ਲੰਮੀ ਹੈ?
3. ਕੀ ਗੈਸ ਦਾ ਪ੍ਰਤੀ ਗੀਗਾਜਾਊਲ ਭਾਅ ਇਕਰਾਰਨਾਮੇ ਦੀ ਸਾਰੀ ਮਿਆਦ ਦੌਰਾਨ ਬੱਝਾ ਰਹੇਗਾ?
4. ਗੈਸ ਦਾ ਤੁਹਾਡਾ ਭਾਅ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਹੋਰਨਾਂ ਅਤੇ FortisBC (ਫ਼ੋਰਟਿਸ ਬੀ.ਸੀ.) ਦੀਆਂ ਬਦਲਵੀਆਂ ਕੀਮਤਾਂ ਮੁਕਾਬਲੇ ਕਿੱਥੇ ਖੜ੍ਹਦਾ ਹੈ?
5. ਬੱਝਵੀਂ ਮਿਆਦ ਲਈ ਇਕਰਾਰਨਾਮਾ ਕਰਨ ਦੇ ਕੀ ਫਾਇਦੇ ਅਤੇ ਨੁਕਸਾਨ ਹਨ?
6. ਮੇਰੇ ਵੱਲੋਂ ਕੀ ਵਾਅਦੇ ਕੀਤੇ ਜਾਣਗੇ?
7. ਵਿੱਤੀ ਜ਼ਿੰਮੇਵਾਰੀਆਂ ਅਤੇ ਸੰਭਾਵਿਤ ਵਧੀਕ ਖ਼ਰਚੇ ਕੀ ਹਨ?
8. ਇਕਰਾਰਨਾਮੇ ਦੇ ਖਤਮ ਹੋਣ ਤੇ ਕੀ ਹੋਵੇਗਾ? (ਪੰਨਾ 11, ਆਈਟਮ 12)
9. ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਇਕਰਾਰਨਾਮੇ ’ਤੇ ਦਸਤਖ਼ਤ ਕਰਨ ਦਾ ਅਖ਼ਤਿਆਰ ਕਿਸ ਨੂੰ ਹੈ?
10. ਜੇ ਮੈਂ ਇਕਰਾਰਨਾਮੇ ਤੋਂ ਸੰਤੁਸ਼ਟ ਨਾ ਹੋਵਾਂ ਅਤੇ ਰੱਦ ਕਰਨ ਦੀ 10 ਦਿਨਾ ਮਿਆਦ ਦੌਰਾਨ ਹੀ ਰੱਦ ਕਰਨਾ ਚਾਹਾਂ ਤਾਂ ਤੁਹਾਡੇ ਨਾਲ 10 – ਸੰਪਰਕ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?
11. ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਕਰਾਰਨਾਮਾ ਰੱਦ ਕਰਨ ਦਾ ਮੇਰਾ 10 ਦਿਨਾਂ ਦਾ ਸਮਾਂ ਸਮਾਪਤ ਹੋ ਗਿਆ ਹੈ?
12. ਇੱਕ ਵਾਰੀ ਮੇਰੀ 10 – ਦਿਨਾ ਮਿਆਦ ਖ਼ਤਮ ਹੋ ਜਾਣ ’ਤੇ, ਇਕਰਾਰਨਾਮਾ ਜਲਦੀ ਰੱਦ ਕਰਨ ਲਈ ਮੇਰੇ ਕੀ ਹੱਕ ਹਨ ਅਤੇ ਕੀ ਹਰਜਾਨਾ ਦੇਣਾ ਪਵੇਗਾ? ਕੀ ਇਕਰਾਰਨਾਮੇ ਦੀ ਕੋਈ ਘੱਟੋ-ਘੱਟ ਮਿਆਦ ਵੀ ਹੈ?
13. ਜੇ ਮੈਂ ਕਿਸੇ ਨਵੇਂ ਘਰ ਵਿੱਚ ਚਲਾ ਜਾਵਾਂ ਤਾਂ ਮੈਨੂੰ ਤੁਹਾਡੀ ਕੰਪਨੀ ਨੂੰ ਅਤੇ FortisBC ਨੂੰ ਕਿਹੜੀ ਜਾਣਕਾਰੀ ਦੇਣੀ ਪਵੇਗੀ? ਕੀ ਮੇਰੇ ਵੱਲੋਂ ਘਰ ਬਦਲ ਲੈਣ ’ਤੇ ਵੀ ਇਕਰਾਰਨਾਮਾ ਲਾਗੂ ਰਹੇਗਾ?

# ਪਤਾ ਰੱਖੋ ਕਿ ਕਿਸ ਚੀਜ਼ ਦੀ ਤੁਲਨਾ ਕਰਨੀ ਹੈ

ਜਦੋਂ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਅਦਾਰੇ ਅਤੇ FortisBC ਬਦਲਵੀਂ ਦਰ ਦਾ ਮੁਕਾਬਲਾ ਕਰਨ ਦੀ ਗੱਲ ਹੋਵੇ, ਤਾਂ ਸਿਰਫ ਇੱਕ ਹੀ ਚੀਜ਼ ਦਾ ਮੁਕਾਬਲਾ ਕਰਨ ਦੀ ਲੋੜ ਹੁੰਦੀ ਹੈ – ਗੈਸ ਦੇ ਹਰ ਗੀਗਾਜਾਊਲ ਦੀ ਕੀਮਤ।

**Cost of gas (11 GJ at 4.159 per GJ)***

**FortisBC ਵੱਲੋਂ ਜਾਰੀ ਤੁਹਾਡੀ ਨੈਚੁਰਲ ਗੈਸ ਦੀ ਸਟੇਟਮੈਂਟ**

## Bill details

Residential

| | |
|---|---|
| Last bill (Jul 14 - Aug 15) | $217.03 |
| Payment received (Aug 21, 2024) | $217.03 CR |
| Balance from last bill | $0.00 |

**Gas charges** Aug 16 - Sep 13, 2024

| | |
|---|---|
| **Basic charge** (29 days at 0.4216 per day)<br>Daily fee that covers part of the cost of being connected to our system | $12.23 ‡‹ |
| **Delivery** (11.1 GJ at 5.933 per GJ)<br>Cost of delivering gas through our system to your home or business | $62.08‡‹ |
| **Storage & transport** (11.1 GJ at 1.134 per GJ)<br>{Including 0.1** GJ RNG}<br>Cost to store and transport gas to our system | $12.59 ‡‹ |
| **Cost of gas** (11 GJ at 4.159 per GJ)<br>Market price of the gas you used | $45.75 ‡‹ |
| **BC carbon tax** (11.1 GJ at 3.2384 per GJ)<br>Supports reduced carbon emissions | $35.95‹ |
| **BC clean energy levy** (0.40% of ‡ amounts)<br>Supports clean energy technology | $00.53 |
| **Biomethane credit** (0.1** GJ at 3.2384 per GJ) | $0.32CR‹ |
| **Total gas charges** | $168.81 |
| GST (5% of ‹ amounts) | $8.41 |
| Total from this bill | $177.22 |
| **Pay** | **$177.22** |

** ਇਹ ਨਮੂਨਾ ਬਿਲ ਪਰਿਵਰਤਿਤ ਮੁੱਲ ਨਹੀਂ ਦਰਸਾਉਂਦਾ। ਫੋਰਟਿਸ ਬੀ.ਸੀ ਦੇ ਮੁੱਲਾਂ ਦਾ ਨਿਰੀਖਣ ਹਰ ਤਿਮਾਹੀ ਬਾਦ ਬੀ.ਸੀ ਯੂਟੀਲਿਟੀਜ਼ ਕਮਿਸ਼ਨ ਦੁਆਰਾ ਕੀਤਾ ਜਾਂਦਾ ਹੈ। ਮੌਜੂਦਾ ਪਰਿਵਰਤਿਤ ਮੁੱਲਾਂ ਬਾਰੇ ਜਾਣਨ ਲਈ fortisbc.com/rates ਤੇ ਜਾਓ।*

*** ਇਹ ਨਮੂਨਾ ਬਿੱਲ ਮੌਜੂਦਾ ਮਨੋਨੀਤ RNG ਮਿਸ਼ਰਣ ਨੂੰ ਨਹੀਂ ਦਰਸਾਉਂਦਾ। ਸਭ ਤੋਂ ਮੌਜੂਦਾ ਮਨੋਨੀਤ RNG ਮਿਸ਼ਰਣ ਪ੍ਰਤੀਸ਼ਤ ਦੇਖਣ ਲਈ fortisbc.com/rngblend 'ਤੇ ਜਾਓ।*

# ਤਤਕਰਾ

1. ਕਸਟਮਰ ਚੁਆਇਸ (ਖ਼ਪਤਕਾਰ ਦੀ ਪਸੰਦ) ਦਾ ਕੀ ਮਤਲਬ ਹੈ?...... 3
2. ਸਾਨੂੰ ਆਪਣੀ ਪਸੰਦ ਦੀ ਖੁੱਲ੍ਹ ਕਿਉਂ ਹੈ?.................................. 3
3. ਆਪਣੇ ਵਿਕਲਪਾਂ ਦਾ ਜਾਇਜ਼ਾ ਲੈਣਾ....................................... 4
4. ਤੁਹਾਡੀ ਪਸੰਦ ਦੇ ਸੰਭਾਵਿਤ ਖ਼ਤਰੇ......................................... 5
5. ਤੁਹਾਡੀ ਪਸੰਦ ਪਿਛਲੀ ਪਕਿਆਈ.......................................... 5
6. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਕੰਮ-ਕਾਜ ਕਿਵੇਂ ਚਲਾਉਂਦਾ ਹੈ....................................... 6
7. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਨੈਚੁਰਲ ਗੈਸ ਦੀ ਵਿਕਰੀ ਰਾਹੀਂ ਪੈਸੇ ਕਿਵੇਂ ਕਮਾਉਂਦਾ ਹੈ.................. 7
8. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਤੁਹਾਡੇ ਤਕ ਨੈਚੁਰਲ ਗੈਸ ਕਿਵੇਂ ਪਹੁੰਚਾਵੇਗਾ..................................8
9. ਖ਼ਪਤਕਾਰ ਵਜੋਂ ਆਪਣੇ ਇਕਰਾਰਨਾਮੇ ਨੂੰ ਸਮਝਣਾ........................ 9
10. ਖ਼ਪਤਕਾਰ ਵਜੋਂ ਆਪਣਾ ਇਕਰਾਰਨਾਮਾ ਰੱਦ ਕਰਨਾ.................... 10
11. ਜੇ ਤੁਸੀਂ ਕਿਸੇ ਨਵੇਂ ਘਰ ਵਿੱਚ ਚਲੇ ਜਾਂਦੇ ਹੋ ਤਾਂ ਕੀ ਹੋਵੇਗਾ?.......... 11
12. ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਹੋਏ ਤੁਹਾਡੇ ਇਕਰਾਰਨਾਮੇ ਦੀ ਸਮਾਪਤੀ ’ਤੇ ਕੀ ਹੋਵੇਗਾ?............................ 11
13. ਜੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਅਦਾਰੇ ਨਾਲ ਹੋਏ ਇਕਰਾਰਨਾਮੇ ਬਾਰੇ ਤੁਹਾਨੂੰ ਕੋਈ ਫਿਕਰ ਹੋਵੇ ਤਾਂ ਕੀ ਹੋਵੇਗਾ?......... 12
14. ਬਿਲ ਕਿਵੇਂ ਜਾਰੀ ਕੀਤੇ ਜਾਣਗੇ?.......................................... 13

# 1. ਕਸਟਮਰ ਚੁਆਇਸ (ਗਾਹਕ ਦੀ ਪਸੰਦ) ਕੀ ਹੁੰਦੀ ਹੈ?

Customer Choice (ਗਾਹਕ ਦੀ ਪਸੰਦ) ਤੁਹਾਨੂੰ ਇਸ ਗੱਲ ਦਾ ਫੈਸਲਾ ਕਰਨ ਦੀ ਖੁੱਲ੍ਹ ਦਿੰਦੀ ਹੈ ਕਿ ਤੁਸੀਂ ਆਪਣੀ ਨੈਚੂਰਲ ਗੈਸ ਕਿਸ ਤੋਂ, ਅਤੇ ਕਿਵੇਂ ਖ਼ਰੀਦਣੀ ਹੈ। ਗੈਸ ਦੀ ਮਾਰਕੀਟਿੰਗ ਕਰਨ ਵਾਲੇ ਆਜ਼ਾਦ ਅਦਾਰੇ ਲੰਮੇ-ਸਮੇਂ ਲਈ ਬੱਝਵੀਆਂ ਕੀਮਤਾਂ 'ਤੇ ਕੁਦਰਤੀ ਗੈਸ ਮੁਹੱਈਆ ਕਰਦੇ ਹਨ। ਗਾਹਕ ਆਪਣੇ ਲਈ ਨੈਚੂਰਲ ਗੈਸ ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕੋਲੋਂ ਜਾਂ ਆਪਣੀ ਸਥਾਨਕ ਗੈਸ ਕੰਪਨੀ ਤੋਂ ਖ਼ਰੀਦ ਸਕਦੇ ਹਨ।

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਇੱਕ ਤੋਂ ਪੰਜ ਸਾਲ ਦੇ ਅਰਸੇ ਲਈ ਬੱਝਵੀਆਂ ਦਰਾਂ ਦੇ ਇਕਰਾਰਨਾਮੇ ਵੇਚਦੇ ਹਨ। ਇਹ ਇਕਰਾਰਨਾਮੇ ਰਿਹਾਇਸ਼ੀ ਅਤੇ ਕਾਰੋਬਾਰੀ, ਦੋਵੇਂ ਤਰ੍ਹਾਂ ਦੇ ਗਾਹਕਾਂ ਲਈ ਉਪਲਬਧ ਹਨ।

ਬੱਝਵੀਂ ਦਰ ਨਾਲ ਤੁਹਾਡੇ ਵੱਲੋਂ ਇਕਰਾਰਨਾਮੇ ਦੀ ਬਚਦੀ ਮਿਆਦ ਦੌਰਾਨ ਨੈਚੂਰਲ ਗੈਸ ਲਈ ਅਦਾ ਕੀਤੀ ਜਾਣ ਵਾਲੀ ਕੀਮਤ ਇਕਸਾਰ ਰਹੇਗੀ। ਊਰਜਾ ਦੀਆਂ ਰੋਜ਼ਾਨਾ ਬਦਲਦੀਆਂ ਕੀਮਤਾਂ ਮੁਤਾਬਕ ਇਸ ਵਿੱਚ ਉਤਾਰ-ਚੜ੍ਹਾਅ ਨਹੀਂ ਆਉਣਗੇ।

ਇਸ ਦੇ ਉਲਟ ਨੈਚੂਰਲ ਗੈਸ ਨਾਲ ਸੰਬੰਧਤ ਤੁਹਾਡੀ ਸਥਾਨਕ ਕੰਪਨੀ ਤੁਹਾਨੂੰ ਅਜਿਹੀ ਦਰ ਪੇਸ਼ ਕਰਦੀ ਹੈ ਜਿਹੜੀ ਸਾਲ ਵਿੱਚ ਚਾਰ ਵਾਰ ਤਕ ਬਦਲ ਸਕਦੀ ਹੈ। ਉਨ੍ਹਾਂ ਦੀ ਬਦਲਵੀਂ ਦਰ ਉੱਤੇ ਹਰ ਤਿਮਾਹੀ ਬਾਅਦ BC Utilities Commission (ਬੀ.ਸੀ. ਯੂਟਿਲਟੀਜ਼ ਕਮਿਸ਼ਨ) ਵੱਲੋਂ ਨਜ਼ਰਸਾਨੀ ਕੀਤੀ ਜਾਂਦੀ ਹੈ ਅਤੇ ਮੰਡੀ ਦੇ ਚਲੰਤ ਹਾਲਾਤ ਮੁਤਾਬਕ ਇਸ ਨੂੰ ਵਧਾਇਆ ਜਾਂ ਘਟਾਇਆ ਜਾਂਦਾ ਹੈ।

ਨੈਚੂਰਲ ਗੈਸ ਨਾਲ ਸੰਬੰਧਤ ਤੁਹਾਡੀ ਸਥਾਨਕ ਕੰਪਨੀ ਜਾਂ ਤੁਹਾਡਾ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਅਦਾਰਾ। ਪਸੰਦ ਤੁਹਾਡੀ ਹੈ।

# 2. ਸਾਨੂੰ ਆਪਣੀ ਪਸੰਦ ਦੀ ਖੁੱਲ੍ਹ ਕਿਉਂ ਹੈ?

ਕਸਟਮਰ ਚੁਆਇਸ ਨੂੰ ਸੂਬਾਈ ਸਰਕਾਰ ਦੀ ਸੰਨ 2002 ਦੀ ਊਰਜਾ ਨੀਤੀ ਉੱਤੇ ਕਾਰਵਾਈ ਵਜੋਂ ਵਿਕਸਤ ਕੀਤਾ ਗਿਆ ਸੀ। ਅਜਿਹੇ ਹੀ ਪ੍ਰੋਗਰਾਮ ਓਨਟੇਰੀਓ, ਮੈਨੀਟੋਬਾ, ਐਲਬਰਟਾ ਅਤੇ ਉੱਤਰੀ ਅਮਰੀਕਾ ਦੇ ਹੋਰਨਾ ਇਲਾਕਿਆਂ ਵਿੱਚ ਵੀ ਉਪਲਬਧ ਹਨ।

ਕਸਟਮਰ ਚੁਆਇਸ ਦੀ ਨਜ਼ਰਸਾਨੀ BC Utilities Commission (BCUC) (ਬੀ.ਸੀ. ਯੂਟਿਲਟੀਜ਼ ਕਮਿਸ਼ਨ – BCUC) ਵੱਲੋਂ ਕੀਤੀ ਜਾਂਦੀ ਹੈ।

ਕਸਟਮਰ ਚੁਆਇਸ ਵਿੱਚ ਹਿੱਸਾ ਲੈਣ ਲਈ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਲਈ BCUC ਵੱਲੋਂ ਯੋਗਤਾ-ਪ੍ਰਾਪਤ, ਮਨਜ਼ੂਰਸ਼ੁਦਾ ਅਤੇ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ। ਭਾਵੇਂ ਉਨ੍ਹਾਂ ਨੂੰ ਕਿਸੇ ਯੂਟਿਲਟੀ ਕੰਪਨੀ ਵਾਂਗ ਨੇਮਬੱਧ ਨਹੀਂ ਕੀਤਾ ਜਾਂਦਾ, ਫਿਰ ਵੀ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਵਾਸਤੇ ਇਹ ਲਾਜ਼ਮੀ ਹੈ ਕਿ ਉਹ BCUC ਵੱਲੋਂ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਲਈ ਬਣਾਏ ਨਿਯਮਾਂ ਅਤੇ ਸਦਾਚਾਰਕ ਨੇਮਾਵਲੀ ਦੀ ਪਾਲਣਾ ਕਰਨ।

ਇਹ ਪ੍ਰਕਾਸ਼ਨ ਪੜ੍ਹਨ ਵਾਸਤੇ
**www.bcuc.com/whatwedo/naturalgas** 'ਤੇ ਉਪਲਬੱਧ ਹੈ।

# 3. ਪੇਸ਼ ਵਿਕਲਪਾਂ ਦਾ ਜਾਇਜ਼ਾ ਲੈਣਾ

ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਵੱਲੋਂ ਪੇਸ਼ ਬੱਝਵੀਂ ਕੀਮਤ ਵਾਲੇ ਖ਼ਪਤਕਾਰ ਇਕਰਾਰਨਾਮੇ ਕੀਮਤਾਂ ਦੀ ਰਾਖੀ ਅਤੇ ਖ਼ਰਚਿਆਂ ਵਿੱਚ ਸੰਭਾਵਤ ਬਚਤਾਂ ਪੇਸ਼ ਕਰਦੇ ਹਨ। ਇਸ ਬਦਲ ਦੀ ਤੁਲਨਾ ਕਿਸੇ ਮਕਾਨ ਮਾਲਕ ਵੱਲੋਂ ਆਪਣੀ ਮੌਰਗੇਜ ਕਿਸੇ variable (ਬਦਲਵੀਂ) ਦਰ ਦੇ ਬਜਾਏ ਕਿਸੇ fixed (ਬੱਝਵੀਂ) ਦਰ ਉੱਤੇ ਬੰਨ੍ਹ ਲੈਣ ਨਾਲ ਕੀਤੀ ਜਾ ਸਕਦੀ ਹੈ ਕਿਉਂਕਿ ਬਦਲਵੀਂ ਦਰ ਵਿੱਚ ਕੀਮਤ ਬਦਲ ਸਕਦੀ ਹੈ।

ਕਈ ਕਾਰਨ ਹਨ ਜਿਨ੍ਹਾਂ ਕਰ ਕੇ ਖ਼ਪਤਕਾਰ ਇੱਕ ਦੀ ਬਜਾਏ ਦੂਜੇ ਬਦਲ ਨੂੰ ਪਹਿਲ ਦੇ ਸਕਦੇ ਹਨ। **ਦਰਾਂ ਦੀ ਇੱਕ ਤੁਲਨਾਤਮਕ ਸਾਰਣੀ fortisbc.com/comparerates ਵਿਖੇ ਮੌਜੂਦ ਹੈ।**

## The BC Utilities Commission (BCUC)
## (ਬੀ.ਸੀ. ਯੂਟਿਲਟੀਜ਼ ਕਮਿਸ਼ਨ – ਬੀ.ਸੀ.ਯੂ.ਸੀ.)

BCUC ਬ੍ਰਿਟਿਸ਼ ਕੋਲੰਬੀਆ ਵਿੱਚ ਯੂਟਿਲਟੀ ਕੰਪਨੀਆਂ ਨੂੰ ਨੇਮਬੱਧ ਕਰਨ ਵਾਲਾ ਸੂਬਾਈ ਅਦਾਰਾ ਹੈ ਅਤੇ ਇਹ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਖ਼ਪਤਕਾਰ ਸੁਰੱਖਿਅਤ, ਭਰੋਸੇਯੋਗ ਅਤੇ ਵਿਤਕਰੇ-ਰਹਿਤ ਊਰਜਾ ਸੇਵਾਵਾਂ ਵਾਜਬ ਦਰਾਂ ’ਤੇ ਹਾਸਲ ਕਰਦੇ ਰਹਿਣ।

ਕਮਿਸ਼ਨ ਖ਼ਪਤਕਾਰ ਇਕਰਾਰਨਾਮਿਆਂ ਨਾਲ ਸੰਬੰਧਤ ਝਗੜਿਆਂ ਉੱਤੇ ਫੈਸਲੇ ਦਿੰਦਾ ਹੈ ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਦੇ ਮਾਰਕੀਟਿੰਗ ਦੇ ਢੰਗ-ਤਰੀਕਿਆਂ ਬਾਰੇ ਸ਼ਿਕਾਇਤਾਂ ਦੀ ਤਫ਼ਤੀਸ਼ ਕਰਦਾ ਹੈ।

# 4. ਤੁਹਾਡੀ ਪਸੰਦ ਦੇ ਸੰਭਾਵਿਤ ਖ਼ਤਰੇ

**ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਖ਼ਪਤਕਾਰ ਇਕਰਾਰਨਾਮੇ 'ਤੇ ਦਸਤਖ਼ਤ ਕਰ ਕੇ ਤੁਸੀਂ ਇੱਕ ਤੋਂ ਪੰਜ ਸਾਲ ਤਕ ਲਈ ਬੱਝਵੀਂ ਕੀਮਤ 'ਤੇ ਨੈਚੂਰਲ ਗੈਸ ਖ਼ਰੀਦਣ ਦਾ ਇਕਰਾਰ ਕਰਦੇ ਹੋ।** ਉਸ ਅਰਸੇ ਦੌਰਾਨ ਤੁਹਾਡੇ ਵੱਲੋਂ ਅਦਾ ਕੀਤੀ ਜਾਣ ਵਾਲੀ ਰਕਮ ਉਸੇ ਸਮੇਂ ਦੌਰਾਨ ਤੁਹਾਡੀ ਨੈਚੂਰਲ ਗੈਸ ਵਾਲੀ ਕੰਪਨੀ ਵੱਲੋਂ ਵਸੂਲ ਕੀਤੀ ਜਾਣ ਵਾਲੀ ਕੀਮਤ ਨਾਲੋਂ ਵੱਧ ਵੀ ਹੋ ਸਕਦੀ ਹੈ ਅਤੇ ਘੱਟ ਵੀ। ਇਹ ਸਭ ਨੈਚੂਰਲ ਗੈਸ ਦੀ ਭਵਿੱਖ ਵਿੱਚ ਮੰਡੀ ਵਿਚਲੀ ਕੀਮਤ ਉੱਤੇ ਨਿਰਭਰ ਕਰਦਾ ਹੈ।

ਇਹ ਨੋਟ ਕਰੋ ਕਿ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੁੰਦੀ ਕਿ ਬੱਝਵੀਂ ਦਰ ਵਾਲੇ ਇਕਰਾਰਨਾਮੇ ਨਾਲ ਤੁਹਾਡੇ ਪੈਸੇ ਬਚਣਗੇ।

# 5. ਤੁਹਾਡੀ ਪਸੰਦ ਪਿਛਲੀ ਪਕਿਆਈ

ਤੁਸੀਂ ਭਾਵੇਂ ਕੋਈ ਵੀ ਬਦਲ ਚੁਣੋਂ, ਤੁਹਾਡੀ ਨੈਚੂਰਲ ਗੈਸ ਵਾਲੀ ਕੰਪਨੀ ਤੁਹਾਨੂੰ ਨੈਚੂਰਲ ਗੈਸ ਇੱਕ ਸੁਰੱਖਿਅਤ ਅਤੇ ਭਰੋਸੇਯੋਗ ਢੰਗ ਨਾਲ ਪਹੁੰਚਾਉਂਦੀ ਰਹੇਗੀ। ਅਤੇ ਤੁਹਾਨੂੰ ਸੇਵਾਵਾਂ ਅਤੇ ਅਦਾਇਗੀ ਦੇ ਵਿਕਲਪਾਂ ਦੀ ਉਨ੍ਹੀਂ ਹੀ ਜ਼ੱਦ ਮਿਲਦੀ ਰਹੇਗੀ ਜਿਹੜੀ ਅੱਜ ਮਿਲ ਰਹੀ ਹੈ। ਤੁਹਾਨੂੰ ਕੋਈ ਵਾਧੂ ਸਟੇਟਮੈਂਟ ਨਹੀਂ ਮਿਲੇਗੀ। ਗੈਸ ਦੀ ਮਾਰਕੀਟਿੰਗ ਕਰਨ ਵਾਲੇ ਦੇ ਖ਼ਰਚੇ ਯੂਟਿਲਟੀ ਕੰਪਨੀ ਵੱਲੋਂ ਤੁਹਾਨੂੰ ਦਿੱਤੀ ਜਾਣ ਵਾਲੀ ਸਟੇਟਮੈਂਟ ਉੱਤੇ ਨਜ਼ਰ ਆਉਣਗੇ।

ਜੇ ਤੁਹਾਡੀ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਆਪਣਾ ਲਾਇਸੰਸ ਵਾਪਸ ਕਰ ਦੇਵੇ ਜਾਂ ਉਸ ਦਾ ਲਾਇਸੰਸ ਵਾਪਸ ਲੈ ਲਿਆ ਜਾਵੇ ਤਾਂ ਤੁਹਾਡਾ ਖਾਤਾ ਨੈਚੂਰਲ ਗੈਸ ਦੀ ਤੁਹਾਡੀ ਸਥਾਨਕ ਯੂਟਿਲਟੀ ਕੰਪਨੀ ਨੂੰ ਵਾਪਸ ਕਰ ਦਿੱਤਾ ਜਾਵੇਗਾ ਅਤੇ ਤੁਹਾਡੀ ਗੈਸ ਦੀ ਸਪਲਾਈ ਵਿੱਚ ਕੋਈ ਵਿਘਨ ਨਹੀਂ ਪਵੇਗਾ।

*ਛੋਟਾਂ ਲਾਗੂ ਹੋ ਸਕਦੀਆ ਹਨ।ਉਦਾਹਰਣ ਵਜੋਂ,ਕਸਟਮਰ ਚੁਆਇਸ ਗਾਹਕ ਇੱਕੋ ਸਮੇਂ ਫੋਰਟਿਸ ਬੀ.ਸੀ ਦੇ ਸਵੈ-ਇੱਛਤ ਨਵੀਨੀਕਰਨਯੋਗ ਕੁਦਰਤੀ ਗੈਸ ਪ੍ਰੋਗਰਾਮ ਵਿੱਚ ਨਾਂਮਾਂਕਣ ਨਹੀਂ ਕਰਾ ਸਕਦੇ।ਜੇਕਰ ਕੋਈ ਗਾਹਕ ਪਹਿਲਾਂ ਤੋਂ ਕਿਸੇ ਅਜਿਹੇ ਪ੍ਰੋਗਰਾਮ ਵਿੱਚ ਨਾਂਮਾਂਕਣ ਕਰਾ ਚੁੱਕਿਆ ਹੈ,ਜਿਸ ਵਿੱਚ ਕਸਟਮਰ ਚੁਆਇਸ ਦੇ ਗਾਹਕ ਅਯੋਗ ਸਨ,ਉਹਨਾਂ ਦੇ ਕਸਟਮਰ ਚੁਆਇਸ ਕੌਨਟਰੈਕਟ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਉਹ ਆਪਣੇ ਆਪ ਕਿਸੇ ਹੋਰ ਪ੍ਰੋਗਰਾਮ ਤੋਂ ਹਟਾ ਦਿਤੇ ਜਾਣਗੇ।

# 6. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਕੰਮ-ਕਾਜ ਕਿਵੇਂ ਚਲਾਉਂਦਾ ਹੈ

ਹਾਲਾਂਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਦੀ ਸਰਗਰਮੀਆਂ ਉੱਤੇ BCUC ਵੱਲੋਂ ਨਿਗਰਾਨੀ ਕੀਤੀ ਜਾਂਦੀ ਹੈ, BCUC ਉਨ੍ਹਾਂ ਵੱਲੋਂ ਪੇਸ਼ ਕੀਤੀਆਂ ਕੀਮਤਾਂ ਨੇਮਬੱਧ ਨਹੀਂ ਕਰਦੀ। ਕਿਸੇ ਵੀ ਮੁਕਾਬਲੇਦਾਰੀ ਵਾਲੀ ਮੰਡੀ ਵਾਂਗ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਨੂੰ ਹਰ ਖ਼ਪਤਕਾਰ ਨੂੰ ਵੱਖ-ਵੱਖ ਕੀਮਤਾਂ ਅਤੇ ਸ਼ਰਤਾਂ ਪੇਸ਼ ਕਰਨ ਦੀ ਖ਼ੁੱਲ੍ਹ ਹੈ।

ਇੱਕ ਗਾਹਕ ਦੇ ਤੌਰ 'ਤੇ ਤੁਹਾਨੂੰ ਇਹ ਫੈਸਲਾ ਕਰਨ ਦੀ ਖ਼ੁੱਲ੍ਹ ਹੈ ਕਿ ਕੀ ਬੱਝਵੀਂ ਦਰ ਤੁਹਾਡੇ ਲਈ ਸਹੀ ਰਹੇਗੀ, ਅਤੇ ਜੇ ਰਹੇਗੀ, ਤਾਂ ਗੈਸ ਦੀ ਮਾਰਕੀਟਿੰਗ ਵਾਲੇ ਕਿਸ ਅਦਾਰੇ ਦੀਆਂ ਕਿਹੜੀਆਂ ਪੇਸ਼ਕਸ਼ਾਂ ਤੁਹਾਡੀਆਂ ਲੋੜਾਂ ਮੁਤਾਬਕ ਸਭ ਤੋਂ ਵੱਧ ਢੁਕਦੀਆਂ ਹਨ। ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਨੂੰ ਬੱਝਵੀਂ ਕੀਮਤ 'ਤੇ ਇੱਕ ਤੋਂ ਪੰਜ ਸਾਲ ਤਕ ਲਈ ਨੈਚੂਰਲ ਗੈਸ ਦੀ ਸਪਲਾਈ ਦੇ ਇਕਰਾਰਨਾਮੇ ਪੇਸ਼ ਕਰਨ ਦੀ ਖ਼ੁੱਲ੍ਹ ਹੈ।

ਪਰ ਨੈਚੂਰਲ ਗੈਸ ਦੀ ਤੁਹਾਡੀ ਸਥਾਨਕ ਯੂਟਿਲਟੀ ਕੰਪਨੀ ਅਜਿਹਾ ਨਹੀਂ ਕਰ ਸਕਦੀ। ਨੇਮਬੱਧ ਕੀਤੀ ਯੂਟਿਲਟੀ ਦੇ ਤੌਰ 'ਤੇ ਇਸ ਵਾਸਤੇ ਇੱਕ ਦਰ ਵਾਲੇ ਵਰਗ ਵਿਚਲੇ ਸਾਰੇ ਖ਼ਪਤਕਾਰਾਂ ਨੂੰ ਇੱਕ ਹੀ ਦਰ ਪੇਸ਼ ਕਰਨੀ ਲਾਜ਼ਮੀ ਹੈ। FortisBC ਇੱਕ ਹੀ ਦਰ ਵਾਲੇ ਵਰਗ ਵਿਚਲੇ ਖ਼ਪਤਕਾਰਾਂ ਨੂੰ ਅਲੱਗ-ਅਲੱਗ ਕੀਮਤਾਂ ਪੇਸ਼ ਨਹੀਂ ਕਰ ਸਕਦੀ।

**ਇੱਕ ਵਾਰੀ ਤੁਸੀਂ ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਵਾਅਦਾ ਕਰ ਲਵੋਂ, ਫਿਰ ਤੁਹਾਨੂੰ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਹੀ ਪੈਂਦੀ ਹੈ।**

**ਰਿਹਾਇਸ਼ੀ ਗਾਹਕਾਂ ਲਈ –** ਤੁਹਾਡੇ ਵੱਲੋਂ ਆਪਣੀ ਰਿਹਾਇਸ਼ ਬਦਲਣ ਦੀ ਸੂਰਤ ਵਿੱਚ ਨੈਚੂਰਲ ਗੈਸ ਨਾਲ ਸੰਬੰਧਤ ਤੁਹਾਡਾ ਖ਼ਪਤਕਾਰ ਇਕਰਾਰਨਾਮਾ ਤੁਹਾਡੀ ਨਵੀਂ ਰਿਹਾਇਸ਼ 'ਤੇ ਲਾਗੂ ਹੋਵੇਗਾ ਜੇ ਤੁਹਾਡੇ ਨਵੇਂ ਘਰ ਵਿੱਚ ਨੈਚੂਰਲ ਗੈਸ ਸਰਵਿਸ ਹੈ।ਕਸਟਮਰ ਚੁਆਇਸ ਰੈਵਲਸਟਰੋਕ ਜਾਂ ਫੋਰਟ ਨੈਲਸਨ ਵਿੱਚ ਲਾਗੂ ਨਹੀਂ ਹੁੰਦੀ।

**ਵਪਾਰਕ ਗਾਹਕਾਂ ਲਈ –** ਤੁਹਾਡੇ ਵੱਲੋਂ ਆਪਣੀ ਜਗ੍ਹਾ ਬਦਲਣ ਦੀ ਸੂਰਤ ਵਿੱਚ ਤੁਹਾਡਾ ਖ਼ਪਤਕਾਰ ਇਕਰਾਰਨਾਮਾ ਰੱਦ ਹੋ ਜਾਂਦਾ ਹੈ। ਜੇ ਤੁਸੀਂ ਮੁੜ ਆਪਣਾ ਨਾਮ ਲਿਖਵਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਆਪਣੇ ਪਸੰਦੀਦਾ ਅਦਾਰੇ ਨਾਲ ਸੰਪਰਕ ਕਰਨਾ ਪਵੇਗਾ।ਤੁਹਾਡਾ ਗੈਸ ਮਾਰਕਿਟਰ ਤੁਹਾਡੇ ਇਕਰਾਰਨਾਮੇ ਨੂੰ ਜਲਦੀ ਖਤਮ ਕਰਨ ਲਈ ਜੁਰਮਾਨਾ ਵਸੂਲ ਸਕਦਾ ਹੈ।

ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਉੱਪਰ ਲਾਗੂ ਹੋਣ ਵਾਲੇ ਨਿਯਮਾਂ ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਵਾਲਿਆਂ ਲਈ ਸਦਾਚਾਰਕ ਨੇਮਾਵਲੀ ਲਈ **www.bcuc.com/whatwedo/naturalgas** ਹੇਠ ਦੇਖੋ। ਗੈਸ ਦੀ ਮਾਰਕੀਟਿੰਗ ਕਰਨ ਲਈ ਮੌਜੂਦਾ ਸਮੇਂ ਲਾਇਸੰਸ-ਸ਼ੁਦਾ ਅਦਾਰਿਆਂ ਦੀ ਸੂਚੀ ਤੁਸੀਂ BCUC ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ ਜਾਂ ਫ਼ਿਰ **fortisbc.com/choice** 'ਤੇ ਜਾ ਸਕਦੇ ਹੋ।

# 7. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਨੈਚੂਰਲ ਗੈਸ ਦੀ ਵਿਕਰੀ ਰਾਹੀਂ ਪੈਸੇ ਕਿਵੇਂ ਕਮਾਉਂਦਾ ਹੈ

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕੀਮਤ ਨਾਲ ਸੰਬੰਧਤ ਵੱਖ-ਵੱਖ ਸ਼ਰਤਾਂ ਤਹਿਤ ਨੈਚੂਰਲ ਗੈਸ ਵੇਚ ਕੇ ਕਮਾਈ ਕਰਦੇ ਹਨ। ਉਹ ਲੰਮੇ ਅਰਸੇ ਲਈ ਬੱਝਵੀਂ ਦਰ ਉੱਤੇ ਨੈਚੂਰਲ ਗੈਸ ਦੇ ਇਕਰਾਰਨਾਮੇ ਹਾਸਲ ਕਰਨ ਲਈ ਅਨੇਕਾਂ ਤਰ੍ਹਾਂ ਦੀਆਂ ਖਰੀਦਦਾਰੀ ਨੀਤੀਆਂ ਵਰਤਦੇ ਹਨ। ਅਤੇ ਉਹ ਨੈਚੂਰਲ ਗੈਸ ਦੀਆਂ ਵੱਡੀਆਂ ਖੇਪਾਂ ਥੋਕ ਦੇ ਅਜਿਹੇ ਭਾਅ 'ਤੇ ਖ਼ਰੀਦਣ ਦੀ ਕਾਬਲੀਅਤ ਰੱਖਦੇ ਹਨ ਜੋ ਆਮ ਤੌਰ 'ਤੇ ਘੱਟ ਖ਼ਪਤ ਵਾਲੇ ਖ਼ਪਤਕਾਰਾਂ ਨੂੰ ਉਪਲਬਧ ਨਹੀਂ ਹੁੰਦੇ। **ਉਹ ਕੀਮਤਾਂ ਦੇ ਵੱਖੋ-ਵੱਖਰੇ ਨਿਜ਼ਾਮ ਵਰਤਦਿਆਂ ਨੈਚੂਰਲ ਗੈਸ ਇੱਕ ਬੱਝਵੀਂ ਕੀਮਤ ਉੱਤੇ ਖ਼ਪਤਕਾਰਾਂ ਨੂੰ ਵੇਚਦੇ ਹਨ ਜਿਸ 'ਤੇ ਉਨ੍ਹਾਂ ਨੂੰ ਮੁਨਾਫਾ ਹੁੰਦਾ ਹੈ। ਗੈਸ ਦੀ ਮਾਰਕੀਟਿੰਗ ਕਰਨ ਵਾਲੇ ਥੋਕ ਮੰਡੀ ਵਿੱਚ ਨੈਚੂਰਲ ਗੈਸ ਦੀ ਖ਼ਰੀਦੋ-ਫਰੋਖ਼ਤ ਰਾਹੀਂ ਵੀ ਕਮਾਈ ਕਰਦੇ ਹਨ।**

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਖ਼ਪਤਕਾਰ ਦੀਆਂ ਖਾਸ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਸਮਿਆਂ 'ਤੇ ਜਿਨਸਾਂ ਦੀਆਂ ਵੱਖ-ਵੱਖ ਕੀਮਤਾਂ ਵੀ ਪੇਸ਼ ਕਰ ਸਕਦੇ ਹਨ।

ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਦੇ ਉਲਟ FortisBC ਵਿਤਰਣ ਕਰਨ ਵਾਲੀ ਇੱਕ ਯੂਟਿਲਟੀ ਕੰਪਨੀ ਹੈ ਜਿਹੜੀ BCUC ਵੱਲੋਂ ਤੈਅ ਕਾਇਦੇ-ਕਾਨੂੰਨਾਂ ਤਹਿਤ ਕਾਰਜ ਕਰਦੀ ਹੈ। ਨੈਚੂਰਲ ਗੈਸ ਨਾਲ ਸੰਬੰਧਤ ਯੂਟਿਲਟੀ ਕੰਪਨੀ ਦੀ ਨੇਮਬੱਧ ਕੀਤੀ ਦਰ ਗੈਸ ਦੀ ਹਾਲੀਆ ਖ਼ਰੀਦ ਉੱਤੇ, ਅਤੇ ਇਸ ਯੂਟਿਲਟੀ ਕੰਪਨੀ ਵੱਲੋਂ ਇਸ ਗੱਲ ਦੀ ਪੇਸ਼ੀਨਗੋਈ ਉੱਤੇ ਨਿਰਭਰ ਕਰਦੀ ਹੈ ਕਿ ਭਵਿੱਖ ਵਿੱਚ ਆਪਣੇ ਗਾਹਕਾਂ ਨੂੰ ਗੈਸ ਮੁਹੱਈਆ ਕਰਨ ਲਈ ਇਸ ਨੂੰ ਕੀ ਕੀਮਤ ਦੇਣੀ ਪਵੇਗੀ। ਨੈਚੂਰਲ ਗੈਸ ਦੀ ਕੀਮਤ ਸਿੱਧੀ ਖ਼ਪਤਕਾਰਾਂ ਸਿਰ ਪਾ ਦਿੱਤੀ ਜਾਂਦੀ ਹੈ। ਦਰਾਂ 'ਤੇ BCUC ਵੱਲੋਂ ਨਜ਼ਰਸਾਨੀ ਕੀਤੀ ਜਾਂਦੀ ਹੈ ਅਤੇ ਇਹ ਤਿਮਾਹੀਵਾਰ ਬਦਲ ਸਕਦੀਆਂ ਹਨ।

# 8. ਇਹ ਸਮਝਣਾ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਤੁਹਾਡੇ ਤਕ ਕੁਦਰਤੀ ਗੈਸ ਕਿਵੇਂ ਪਹੁੰਚਾਵੇਗਾ

ਜੇ ਤੁਸੀਂ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਤੋਂ ਗੈਸ ਖ਼ਰੀਦਣ ਦੀ ਚੋਣ ਕਰਦੇ ਹੋ ਤਾਂ ਤੁਹਾਡੀ ਨੈਚੂਰਲ ਗੈਸ ਸੇਵਾ ਵਿੱਚ ਕੋਈ ਵਿਘਨ ਨਹੀਂ ਪਵੇਗਾ। ਮੌਜੂਦਾ ਸਮੇਂ ਵਾਂਗ ਹੀ FortisBC ਤੁਹਾਨੂੰ ਨੈਚੂਰਲ ਗੈਸ ਦੀ ਡਲਿਵਰੀ ਕਰਨੀ ਜਾਰੀ ਰੱਖੇਗੀ – ਉਨ੍ਹਾਂ ਹੀ ਪਾਈਪ ਲਾਈਨਾਂ ਅਤੇ ਉਸੇ ਮੀਟਰ ਰਾਹੀਂ।

FortisBC ਵੱਲੋਂ ਨਿਰਧਾਰਤ ਗੈਸ ਦੀ ਡਲਿਵਰੀ ਨਾਲ ਸੰਬੰਧਤ ਸ਼ਰਤਾਂ ਦੀ ਪੂਰਤੀ ਕਰਨਾ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਦਾ ਕਾਨੂੰਨੀ ਫਰਜ਼ ਹੈ। ਜੇ ਕੋਈ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਡਲਿਵਰੀ ਸੰਬੰਧੀ ਸ਼ਰਤਾਂ ਪੂਰੀਆਂ ਕਰਨ ਵਿੱਚ ਨਾਕਾਮ ਹੋ ਜਾਵੇ ਤਾਂ FortisBC ਵੱਲੋਂ Supplier of Last Resort (ਸਪਲਾਈ ਦੇ ਆਖ਼ਰੀ ਸਾਧਨ) ਵਜੋਂ ਸੇਵਾ ਪ੍ਰਦਾਨ ਕੀਤੀ ਜਾਵੇਗੀ। ਇਸ ਨਾਲ ਤੁਹਾਨੂੰ ਨੈਚੂਰਲ ਗੈਸ ਦੀ ਨਿਰਵਿਘਨ ਸਪਲਾਈ ਮਿਲਦੀ ਰਹਿਣ ਦੀ ਤਸੱਲੀ ਰਹੇਗੀ।

ਗੈਸ ਡਲਿਵਰ ਕਰਨ ਦੀ ਕਿਸੇ ਵੀ ਨਾਕਾਮੀ ਲਈ ਗੈਸ ਦੀ ਮਾਰਕੀਟਿੰਗ ਕਰਨ ਵਾਲਾ ਵਿੱਤੀ ਜੁਰਮਾਨੇ ਦਾ ਦੇਣਦਾਰ ਹੋਵੇਗਾ।

# 9. ਖ਼ਪਤਕਾਰ ਵਜੋਂ ਆਪਣੇ ਇਕਰਾਰਨਾਮੇ ਨੂੰ ਸਮਝਣਾ

ਜੇ ਤੁਸੀਂ ਕਸਟਮਰ ਚੁਆਇਸ ਵਿੱਚ ਹਿੱਸਾ ਲੈਣ ਦਾ ਫੈਸਲਾ ਕਰਦੇ ਹੋ ਤਾਂ ਇੱਕ ਖ਼ਪਤਕਾਰ ਵਜੋਂ ਤੁਹਾਨੂੰ ਦੋ ਦਸਤਾਵੇਜ਼ਾਂ 'ਤੇ ਹਸਤਾਖਰ ਕਰਨੇ ਪੈਣਗੇ। ਇਹ ਦਸਤਾਵੇਜ਼ ਤੁਹਾਨੂੰ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਵੱਲੋਂ ਪ੍ਰਦਾਨ ਕੀਤੇ ਜਾਂਦੇ ਹਨ।

## ਅ) ਮਾਰਕੀਟਿੰਗ ਕਰਨ ਵਾਲੇ ਦੀ ਨਿਯੁਕਤੀ ਦਾ ਨੋਟਿਸ

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਅਦਾਰੇ ਨਾਲ ਗੈਸ ਦੀ ਸਪਲਾਈ ਦਾ ਇਕਰਾਰਨਾਮਾ ਕਰਨ ਲਈ ਤੁਹਾਡੇ ਲਈ Notice of Appointment of Marketer (ਮਾਰਕੀਟਿੰਗ ਕਰਨ ਵਾਲੇ ਦੀ ਨਿਯੁਕਤੀ ਦਾ ਨੋਟਿਸ) 'ਤੇ ਹਸਤਾਖਰ ਕਰਨੇ ਲਾਜ਼ਮੀ ਹਨ। ਹਸਤਾਖਰ ਕੀਤਾ ਫਾਰਮ ਇਹ ਯਕੀਨੀ ਬਣਾਉਂਦਾ ਹੈ ਕਿ ਤੁਸੀਂ ਗੁਪਤਤਾ ਵਿਧਾਨ ਮੁਤਾਬਕ FortisBC ਨੂੰ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਕੋਲ ਤੁਹਾਡੇ ਖਪਤ ਸੰਬੰਧੀ ਪਿਛੋਕੜ ਦੀ ਜਾਣਕਾਰੀ ਜ਼ਾਹਰ ਕਰਨ ਲਈ ਲੋੜੀਂਦੀ ਇਜਾਜ਼ਤ ਦੇ ਦਿੱਤੀ ਹੈ। ਇਸ ਨਾਲ ਇਹ ਵੀ ਯਕੀਨੀ ਹੁੰਦਾ ਹੈ ਕਿ ਤੁਸੀਂ ਵੀ ਸਰਗਰਮੀ ਨਾਲ ਸਾਰੀ ਕਾਰਵਾਈ ਵਿੱਚ ਹਿੱਸਾ ਲੈ ਰਹੇ ਹੋ ਅਤੇ ਉਨ੍ਹਾਂ ਦੇ ਬਿਲ ਜਾਰੀ ਕਰਨ ਅਤੇ ਪੈਸਿਆਂ ਦੀ ਉਗਰਾਹੀ ਦੇ ਪ੍ਰਬੰਧਾਂ ਨਾਲ ਸਹਿਮਤ ਹੋ। ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਵੱਲੋਂ ਗੈਸ ਦੀ ਡਲਿਵਰੀ ਸੰਬੰਧੀ ਲੋੜਾਂ ਦੀ ਪੂਰਤੀ ਨਾ ਕੀਤੇ ਜਾਣ ਦੀ ਸੂਰਤ ਵਿੱਚ ਤੁਹਾਡੇ ਘਰ ਅਤੇ ਕਾਰੋਬਾਰ ਨੂੰ ਨੈਚੂਰਲ ਗੈਸ ਦੀ ਡਲਿਵਰੀ ਜਾਰੀ ਰੱਖਣ ਲਈ, ਹਸਤਾਖਰ ਕੀਤਾ ਇਹ ਫਾਰਮ FortisBC ਨੂੰ ਲੋੜੀਂਦੇ ਅਧਿਕਾਰ ਸੌਂਪਣ ਦੇ ਕੰਮ ਆਵੇਗਾ।

## ਅ) ਮਾਰਕੀਟਿੰਗ ਕਰਨ ਵਾਲੇ ਨਾਲ ਖ਼ਪਤਕਾਰ ਵਜੋਂ ਇਕਰਾਰਨਾਮਾ

ਮਾਰਕੀਟਿੰਗ ਕਰਨ ਵਾਲੇ ਨਾਲ ਖ਼ਪਤਕਾਰ ਵਜੋਂ ਕੀਤਾ ਇਕਰਾਰਨਾਮਾ ਗੈਸ ਦੀ ਸਪਲਾਈ ਬਾਰੇ ਤੁਹਾਡੇ ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਵਿਚਕਾਰ ਸ਼ਰਤਾਂ ਦੀ ਰੂਪਰੇਖਾ ਪੇਸ਼ ਕਰਦਾ ਹੈ। ਇਸ ਵਿੱਚ ਪੇਸ਼ਕਸ਼ ਦੇ ਜ਼ਰੂਰੀ ਅੰਸ਼ ਸ਼ਾਮਲ ਹੋਣਗੇ:

- ਕਨੇਡੀਅਨ ਡਾਲਰਾਂ ਵਿੱਚ ਪ੍ਰਤੀ ਗੀਗਾਜਾਊਲ ਕੀਮਤ
- ਮਿਆਦ ਦਾ ਅਰਸਾ
- ਨਵਿਆਉਣ ਸੰਬੰਧੀ ਇੰਤਜ਼ਾਮ
- ਇਕਰਾਰਨਾਮੇ ਦੀ ਘੱਟੋ-ਘੱਟ ਮਿਆਦ ਸਮੇਤ ਖ਼ਪਤਕਾਰ ਵਜੋਂ ਕੀਤੇ ਇਕਰਾਰਨਾਮੇ ਨੂੰ ਮਿਆਦ ਤੋਂ ਪਹਿਲਾਂ ਰੱਦ ਕਰਨ ਸੰਬੰਧੀ ਸ਼ਰਤਾਂ ਅਤੇ ਹਰਜਾਨੇ
- ਪੇਸ਼ਕਸ਼ ਦੀਆਂ ਕੀਮਤਾਂ ਜਾਂ ਮਿਆਦ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਥਿਤੀਆਂ

ਆਖ਼ੀਰ ਵਿੱਚ, ਰਿਹਾਇਸ਼ੀ ਗਾਹਕਾਂ ਨੂੰ ਦਰ-ਦਰ ਜਾ ਕੇ ਵਿਕਰੀ ਕਰਨ ਵਾਸਤੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਲਈ Third Party Verification (TPV) (ਤੀਜੀ ਧਿਰ ਵੱਲੋਂ ਕੀਤੀ ਪੁਸ਼ਟੀ – ਟੀ.ਪੀ.ਵੀ.) ਕਰਨੀ ਲਾਜ਼ਮੀ ਹੁੰਦੀ ਹੈ। ਤੀਜੀ ਧਿਰ ਵੱਲੋਂ ਕੀਤੀ ਪੁਸ਼ਟੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਅਤੇ ਰਿਹਾਇਸ਼ੀ ਖ਼ਪਤਕਾਰ ਵਿਚਕਾਰ ਹੋਈ ਅਤੇ ਡਿਜੀਟਲ ਤਰੀਕੇ ਨਾਲ ਰਿਕਾਰਡ ਕੀਤੀ ਗੱਲਬਾਤ ਨੂੰ ਕਹਿੰਦੇ ਹਨ। ਇਸ ਗੱਲਬਾਤ ਰਾਹੀਂ ਮਾਰਕੀਟਿੰਗ ਕਰਨ ਵਾਲਾ ਅਦਾਰਾ ਪੇਸ਼ਕਸ਼, ਖ਼ਪਤਕਾਰ ਦੇ ਇਕਰਾਰਨਾਮੇ, ਤਸਦੀਕੀ ਪੱਤਰ ਅਤੇ ਸੇਵਾ ਰੱਦ ਕਰਨ ਸੰਬੰਧੀ ਹੱਕਾਂ ਬਾਰੇ ਖ਼ਪਤਕਾਰ ਦੀ ਸਮਝ ਦੀ ਪੁਸ਼ਟੀ ਕਰਦਾ ਹੈ।

# 10. ਖ਼ਪਤਕਾਰ ਵਜੋਂ ਆਪਣਾ ਇਕਰਾਰਨਾਮਾ ਰੱਦ ਕਰਨਾ

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਇਕਰਾਰਨਾਮੇ ’ਤੇ ਹਸਤਾਖਰ ਕਰਨ ਉਪਰੰਤ ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਕਸਟਮਰ ਚੁਆਇਸ ਤੁਹਾਡੇ ਲਈ ਸਹੀ ਨਹੀਂ ਹੈ ਤਾਂ BCUC ਦੇ ਹੁਕਮਾਂ ਨਾਲ ਇਕਰਾਰਨਾਮੇ ਨੂੰ ਰੱਦ ਕਰਨ ਦੀ ਇੱਕ ਮਿਆਦ ਰੱਖੀ ਗਈ ਹੈ ਜਿਸ ਦੌਰਾਨ ਤੁਸੀਂ ਬਿਨਾ ਕਿਸੇ ਹਰਜਾਨੇ ਤੋਂ ਆਪਣਾ ਇਕਰਾਰਨਾਮਾ ਰੱਦ ਕਰ ਸਕਦੇ ਹੋ।

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਵੱਲੋਂ ਯੂਟਿਲਟੀ ਨੂੰ ਤੁਹਾਡਾ ਨਾਮ ਦਰਜ ਕਰ ਲਏ ਜਾਣ ਦੀ ਬੇਨਤੀ ਮਿਲਣ ਤੋਂ 10 ਕੈਲੰਡਰੀ ਦਿਨਾਂ ਬਾਅਦ ਇਹ ਮਿਆਦ ਅਰੰਭ ਹੁੰਦੀ ਹੈ। ਆਮ ਤੌਰ ’ਤੇ ਇਹ ਤਾਰੀਖ਼ ਗੈਸ ਯੂਟਿਲਟੀ ਵੱਲੋਂ ਤੁਹਾਨੂੰ ਭੇਜੇ ਤਸਦੀਕੀ ਪੱਤਰ ਉੱਪਰ ਲਿਖੀ ਤਾਰੀਖ਼ ਨਾਲ ਮੇਲ ਖਾਂਦੀ ਹੈ।

## ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਇਕਰਾਰਨਾਮੇ ’ਤੇ ਦਸਤਖ਼ਤ ਕਰਨ ਤੋਂ ਬਾਅਦ

ਗਾਹਕਾਂ ਨੂੰ ਸਥਾਨਕ ਗੈਸ ਯੂਟਿਲਟੀ ਵੱਲੋਂ ਇੱਕ ਤਸਦੀਕੀ ਪੱਤਰ ਮਿਲਦਾ ਹੈ ਜਿਹੜਾ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨਾਲ ਕੀਤੇ ਗਏ ਇਕਰਾਰਨਾਮੇ ਦਾ ਸਾਰ ਪ੍ਰਦਾਨ ਕਰਦਾ ਹੈ। ਜੇ ਗਾਹਕ ਆਪਣਾ ਇਕਰਾਰਨਾਮਾ ਰੱਦ ਕਰਨਾ ਚਾਹੁੰਦੇ ਹੋਣ ਤਾਂ ਇਸ ਵਿੱਚ ਉਹ ਆਖ਼ਰੀ ਤਾਰੀਖ਼ ਵੀ ਲਿਖੀ ਹੁੰਦੀ ਹੈ ਜਦੋਂ ਤਕ ਗਾਹਕਾਂ ਲਈ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨੂੰ ਫ਼ੋਨ ਕਰਨਾ ਲਾਜ਼ਮੀ ਹੁੰਦਾ ਹੈ। ਰੱਦ ਕਰਨ ਦਾ ਇਹ ਸਮਾਂ 10 ਦਿਨਾਂ ਦਾ ਹੁੰਦਾ ਹੈ।

ਜੇਕਰ ਰਦ ਕਰਨ ਦੀ 10 ਦਿਨ ਦੀ ਦਿਆਦ ਬੀਤ ਗਈ ਹੈ ਪਰ ਤੁਸੀਂ ਆਪਣਾ ਇਕਰਾਰਨਾਸਾ ਰਦ ਕਰਨਾ ਚਾਹੁੰਦੇ ਹੋ, ਤਾਂ ਰਦ ਕਰਨ ਦੇ ਵਿਕਲਪਾਂ ‘ਤੇ ਚਰਚਾ ਕਰਨ ਲਈ ਗੈਸ ਸਾਰਕੇਟਰ ਨਾਲ ਸੁੰਪਰਕ ਕਰੋ।

# 11. ਕੀ ਹੋਵੇਗਾ ਜੇ ਤੁਸੀਂ ਕਿਸੇ ਨਵੇਂ ਘਰ ਵਿੱਚ ਚਲੇ ਜਾਂਦੇ ਹੋ?

ਰਿਹਾਇਸ਼ੀ ਗਾਹਕਾਂ ਵਜੋਂ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਖ਼ਪਤਕਾਰ ਵਜੋਂ ਇਕਰਾਰਨਾਮੇ ’ਤੇ ਹਸਤਾਖਰ ਕਰਨ ਤੋਂ ਬਾਅਦ ਜੇ ਤੁਸੀਂ ਘਰ ਬਦਲ ਲਵੋ ਅਤੇ ਜੇ ਤੁਹਾਡਾ ਨਵਾਂ ਘਰ ਕਸਟਮਰ ਚੁਆਇਸ ਵਾਲੇ ਇਲਾਕੇ ਵਿੱਚ ਆਉਂਦਾ ਹੋਵੇ ਤਾਂ ਤੁਹਾਡੇ ’ਤੇ ਇਹ ਯਕੀਨੀ ਬਣਾਉਣ ਦਾ ਬੰਧਨ ਹੁੰਦਾ ਹੈ ਕਿ ਤੁਹਾਡੇ ਇਕਰਾਰਨਾਮੇ ਮੁਤਾਬਕ ਤੈਅ ਕੀਤੀ ਸੇਵਾ ਨਵੇਂ ਘਰ ਵਿੱਚ ਵੀ ਸਥਾਪਤ ਕੀਤੀ ਜਾਵੇ (ਨੋਟ: ਕਸਟਮਰ ਚੁਆਇਸ ਰੈਵੇਲਸਟੋਕ ਜਾਂ ਫੋਰਟ ਨੈਲਸਨ ਦੇ ਵਸਨੀਕਾਂ ਵਾਸਤੇ ਉਪਲਬੱਧ ਨਹੀਂ ਹੈ।) ਕਮਰਸ਼ੀਅਲ ਗਾਹਕਾਂ ਲਈ, ਜਦੋਂ ਤੁਸੀਂ ਚਲੇ ਜਾਂਦੇ ਹੋ ਤਾਂ ਤੁਹਾਡਾ ਖਪਤਕਾਰ ਸਮਝੌਤਾ ਰੱਦ ਹੋ ਜਾਂਦਾ ਹੈ। ਤੁਹਾਨੂੰ ਗਾਹਕ ਵਿਕਲਪ ਵਿੱਚ ਮੁੜ-ਦਾਖਲ ਕਰਨ ਲਈ ਜਾਂ ਛੇਤੀ ਇਕਰਾਰਨਾਮੇ ਨੂੰ ਰੱਦ ਕਰਨ ਦੇ ਵਿਕਲਪਾਂ ‘ਤੇ ਚਰਚਾ ਕਰਨ ਲਈ ਆਪਣੇ ਪਸੰਦੀਦਾ ਗੈਸ ਮਾਰਕਿਟਰ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

ਘਰ ਬਦਲੀ ਸੰਬੰਧੀ ਵੇਰਵੇ ਬਾਰੇ ਇਤਲਾਹ ਦੇਣ ਲਈ FortisBC ਨਾਲ **1-888-224-2710** ’ਤੇ ਸੰਪਰਕ ਕਰੋ।

# 12. ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਤੁਹਾਡੇ ਇਕਰਾਰਨਾਮੇ ਦੀ ਸਮਾਪਤੀ ’ਤੇ ਕੀ ਹੋਵੇਗਾ?

ਤੁਹਾਡੇ ਕੌਨਟ੍ਰੈਕਟ ਦੀ ਮਿਆਦ ਪੁੱਗਣ ਦੀ ਤਾਰੀਖ਼ ਤੋਂ ਤਿੰਨ ਮਹੀਨੇ ਪਹਿਲਾਂ ਤੁਹਾਨੂੰ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਵੱਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਇਸ ਮੌਕੇ ਤੁਸੀਂ:

- ਨਵੇਂ ਇਕਰਾਰਨਾਮੇ ਦੀ ਕੀਮਤ ਅਤੇ ਮਿਆਦ ਬਾਰੇ ਗੱਲਬਾਤ ਕਰੋ
- ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਹੋਰ ਅਦਾਰੇ ਨਾਲ ਨਵੇਂ ਕੌਨਟ੍ਰੈਕਟ ਬਾਰੇ ਗੱਲਬਾਤ ਕਰ ਸਕਦੇ ਹੋ, ਜਾਂ
- ਕੁਝ ਵੀ ਨਾ ਕਰਨ ਦੀ ਚੋਣ ਕਰ ਸਕਦੇ ਹੋ ਅਤੇ ਕੌਨਟ੍ਰੈਕਟ ਦੀ ਮਿਆਦ ਪੁੱਗਣ ਤੋਂ ਬਾਅਦ ਮੁੜ FortisBC ਕੋਲ ਆ ਸਕਦੇ ਹੋ।

ਜੇ ਤੁਸੀਂ ਕੁਝ ਵੀ ਨਾ ਕਰਨ ਦੀ ਚੋਣ ਕਰਦੇ ਹੋ ਅਤੇ FortisBC ਦੇ ਬਦਲਵੇਂ ਰੇਟ ’ਤੇ ਵਾਪਸ ਜਾਣ ਦਾ ਫ਼ੈਸਲਾ ਕਰਦੇ ਹੋ ਤਾਂ ਤੁਸੀਂ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨਾਲ ਨਵੇਂ ਕੌਨਟ੍ਰੈਕਟ ਬਾਰੇ ਕਿਸੇ ਵੀ ਸਮੇਂ ਗੱਲਬਾਤ ਕਰ ਸਕਦੇ ਹੋ।

# 13. ਕੀ ਹੋਵੇਗਾ ਜੇ ਕਿਸੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਹੋਏ ਇਕਰਾਰਨਾਮੇ ਬਾਰੇ ਤੁਹਾਨੂੰ ਕੋਈ ਚਿੰਤਾ ਹੋਵੇ?

ਯਾਦ ਰੱਖੋ, ਗੈਸ ਦੀ ਮਾਰਕੀਟਿੰਗ ਕਰਨ ਵਾਲਾ ਅਦਾਰਾ ਗੈਸ ਯੂਟਿਲਟੀ ਤੋਂ ਆਜ਼ਾਦ ਹੈ। ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਸੰਬੰਧੀ ਤੁਹਾਡੀਆਂ ਸ਼ਿਕਾਇਤਾਂ ਜਾਂ ਝਗੜਿਆਂ ਨੂੰ ਹੱਲ ਕਰਨਾ ਯੂਟਿਲਟੀ ਦੀ ਜ਼ਿੰਮੇਵਾਰੀ ਨਹੀਂ ਹੈ।

ਜੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਉਸ ਨੂੰ ਹੱਲ ਕਰਨ ਵਾਸਤੇ ਪਹਿਲਾਂ ਤੁਹਾਨੂੰ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਸਿੱਧਾ ਸੰਪਰਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੌਜੂਦਾ ਸਮੇਂ 'ਤੇ ਤੁਸੀਂ ਗੈਸ ਦੀ ਜਿਹੜੀ ਕੀਮਤ ਦੇ ਰਹੇ ਹੋ ਜਾਂ ਅੱਗੇ ਚੱਲ ਕੇ ਦੇਵੋਗੇ, ਜੇ ਉਸ ਸੰਬੰਧੀ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਆਪਣੀ ਮਹੀਨਾਵਾਰ ਸਟੇਟਮੈਂਟ ਜਾਂ ਗੈਸ ਦੀ ਡਲਿਵਰੀ ਸੰਬੰਧੀ ਜੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਸੀਂ ਗੈਸ ਸੰਬੰਧੀ ਕਿਸੇ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਹੋਵੋ ਤਾਂ FortisBC ਨੂੰ ਫ਼ੋਨ ਕਰੋ।

## ਕੌਨਟ੍ਰੈਕਟ ਸੰਬੰਧੀ ਝਗੜਾ ਜਾਂ ਸ਼ਿਕਾਇਤ ਜਮ੍ਹਾਂ ਕਰਵਾਉਣੀ

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨਾਲ ਜੇ ਤੁਸੀਂ ਕੋਈ ਕੌਨਟ੍ਰੈਕਟ ਕੀਤਾ ਹੋਇਆ ਹੈ ਤਾਂ ਤੁਸੀਂ BCUC ਰਾਹੀਂ FortisBC ਕੋਲ ਆਪਣਾ ਝਗੜਾ ਦਰਜ ਕਰਵਾ ਸਕਦੇ ਹੋ। ਅਜਿਹਾ ਕਰਨ ਲਈ ਤੁਹਾਡੇ ਕੋਲ ਦੋ ਤਰੀਕੇ ਹਨ। ਤੁਸੀਂ ਆਨਲਾਈਨ **fortisbc.com/marketerdisputes** 'ਤੇ ਝਗੜੇ ਸੰਬੰਧੀ ਜਾਣਕਾਰੀ ਦੇ ਸਕਦੇ ਹੋ ਜਾਂ FortisBC ਨੂੰ **1-888-224-2710** 'ਤੇ ਫ਼ੋਨ ਕਰ ਸਕਦੇ ਹੋ ਅਤੇ ਕਸਟਮਰ ਸਰਵਿਸ ਨੁਮਾਇੰਦਾ ਤੁਹਾਡੀ ਮਦਦ ਕਰੇਗਾ।

ਕਿਰਪਾ ਕਰਕੇ ਇਸ ਗੱਲ ਵੱਲ ਧਿਆਨ ਦੇਵੋ ਕਿ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨਾਲ ਤੁਹਾਡੇ ਝਗੜੇ ਵਿੱਚ FortisBC ਸ਼ਾਮਲ ਨਹੀਂ ਹੈ। FortisBC ਇਹ ਪੱਕਾ ਕਰੇਗੀ ਕਿ ਝਗੜੇ ਸੰਬੰਧੀ ਤੁਹਾਡੀ ਜਾਣਕਾਰੀ ਮੁਕੰਮਲ ਹੈ ਅਤੇ ਫ਼ਿਰ ਉਹ ਇਸ ਨੂੰ BCUC ਕੋਲ ਭੇਜ ਦੇਣਗੇ ਤਾਂ ਕਿ ਉਹ ਇਸ ਦੀ ਸਮੀਖਿਆ, ਤਫ਼ਤੀਸ਼ ਅਤੇ ਹੱਲ ਕਰ ਸਕਣ।

ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨਾਲ ਜੇ ਤੁਹਾਡਾ ਕੋਈ ਕੌਨਟ੍ਰੈਕਟ ਨਹੀਂ ਹੈ ਪਰ ਤੁਸੀਂ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਉਸ ਅਦਾਰੇ ਦੇ ਕਰੋਬਾਰ ਕਰਨ ਦੇ ਢੰਗ ਬਾਰੇ ਸ਼ਿਕਾਇਤ ਦਰਜ ਕਰਵਾਉਣੀ ਚਾਹੁੰਦੇ ਹੋ ਤਾਂ ਤੁਸੀਂ ਆਪਣੀ ਸ਼ਿਕਾਇਤ ਇੱਥੇ ਆਨਲਾਈਨ ਦਰਜ ਕਰ ਸਕਦੇ ਹੋ: **www.bcuc.com/forms/gasmarketercomplaint**

ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਲਈ ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲਿਆਂ ਲਈ ਸਦਾਚਾਰਕ ਨੇਮਾਵਲੀ ਵਿੱਚ ਦੱਸੇ ਮੁਤਾਬਕ BCUC ਸ਼ਿਕਾਇਤਾਂ ਦੀ ਤਫ਼ਤੀਸ਼ ਕਰਦੀ ਹੈ। ਤੁਸੀਂ **www.bcuc.com/whatwedo/naturalgas** 'ਤੇ ਇਹ ਦਸਤਾਵੇਜ਼ ਦੇਖ ਸਕਦੇ ਹੋ।

# 14. ਬਿਲ ਕਿਵੇਂ ਜਾਰੀ ਕੀਤੇ ਜਾਣਗੇ?

ਜੇ ਤੁਸੀਂ ਗੈਸ ਮਾਰਕੀਟਰ ਤੋਂ ਆਪਣੀ ਕੁਦਰਤੀ ਗੈਸ ਖਰੀਦਣ ਦੀ ਚੋਣ ਕਰਦੇ ਹੋ ਤਾਂ ਵੀ ਫੋਰਟਿਸ ਬੀ ਸੀ ਤੁਹਾਨੂੰ ਤੁਹਾਡੇ ਕੁਲ ਮਾਸਿਕ ਲਾਗਤ ਦੀ ਮਹੀਨਾਵਾਰ ਸਟੇਟਮੈਂਟ ਭੇਜੇਗਾ। ਤੁਹਾਡੀ ਸਟੇਟਮੈਂਟ ਫੋਰਟਿਸ ਬੀ ਸੀ ਦੀ ਡਿਲੀਵਰੀ ਅਤੇ ਸਟੋਰੇਜ ਅਤੇ ਟਰਾਂਸਪੋਰਟ ਖਰਚੇ ਅਤੇ ਗੈਸ ਵਿਕਰੇਤਾ ਦੀ ਗੈਸ ਦੀ ਕੀਮਤ ਨੂੰ ਵੱਖਰੀ ਤੌਰ ਤੇ ਸੂਚੀਬੱਧ ਕਰੇਗਾ। ਗੈਸ ਮਾਰਕਿਟਰ ਦਾ ਚਾਰਜ ਸਿਰਫ ਗੈਸ ਦੀ ਲਾਗਤ ਲਈ ਹੈ ਅਤੇ ਹੋਰ ਸਭ ਖਰਚੇ ਫੋਰਟਿਸ ਬੀ ਸੀ ਕੋਲ ਰਹਿਣਗੇ।

ਕਸਟਮਰ ਚੋਆਇਸ ਦੇ ਗਾਹਕਾਂ ਕੋਲ ਆਪਣੀ ਗੈਸ ਦਾ ਇੱਕ ਪ੍ਰਤੀਸ਼ਤ ਨਵੀਨੀਕਰਨਣਯੋਗ ਕੁਦਰਤੀ ਗੈਸ[1] (RNG) ਵਜੋਂ ਵੀ ਹੁੰਦਾ ਹੈ, ਜਿਸਨੂੰ ਮਨੋਨੀਤ RNG ਮਿਸ਼ਰਣ ਵਜੋਂ ਜਾਣਿਆ ਜਾਂਦਾ ਹੈ। RNG ਇੱਕ ਘੱਟ-ਕਾਰਬਨ[2] ਊਰਜਾ ਹੈ, ਜੋ ਤੁਹਾਡੇ ਦੁਆਰਾ ਗੈਸ ਮਾਰਕੀਟਰ ਤੋਂ ਖਰੀਦੀ ਗਈ ਕੁਝ ਰਵਾਇਤੀ ਕੁਦਰਤੀ ਗੈਸ ਨੂੰ ਵਿਸਥਾਪਿਤ ਕਰਦੀ ਹੈ ਅਤੇ ਤੁਹਾਡੇ ਸਟੋਰੇਜ ਅਤੇ ਟ੍ਰਾਂਸਪੋਰਟ ਦਰ ਦੇ ਹਿੱਸੇ ਵਜੋਂ ਚਾਰਜ ਕੀਤੀ ਜਾਵੇਗੀ। ਮਨੋਨੀਤ RNG ਮਿਸ਼ਰਣ ਬਾਰੇ fortisbc.com/rngblend 'ਤੇ ਹੋਰ ਜਾਣੋ।

[1] ਨਵੀਨੀਕਰਨਯੋਗ ਕੁਦਰਤੀ ਗੈਸ (ਜਿਸਨੂੰ RNG ਜਾਂ ਬਾਇਓਮੀਥੇਨ ਵੀ ਕਿਹਾ ਜਾਂਦਾ ਹੈ) ਰਵਾਇਤੀ ਕੁਦਰਤੀ ਗੈਸ ਨਾਲੋਂ ਵੱਖਰੇ ਤਰੀਕੇ ਨਾਲ ਪੈਦਾ ਕੀਤੀ ਜਾਂਦੀ ਹੈ। ਇਹ ਬਾਇਓਗੈਸ ਤੋਂ ਪ੍ਰਾਪਤ ਕੀਤੀ ਜਾਂਦੀ ਹੈ, ਜੋ ਕਿ ਲੈਂਡਫਿਲ ਤੋਂ ਜੈਵਿਕ ਰਹਿੰਦ-ਖੂੰਹਦ, ਖੇਤੀਬਾੜੀ ਦੀ ਰਹਿੰਦ-ਖੂੰਹਦ ਅਤੇ ਇਲਾਜ ਸੰਬੰਧੀ ਸਹੂਲਤਾਂ ਤੋਂ ਗੰਦੇ ਪਾਣੀ ਦੇ ਸੜਨ ਤੋਂ ਪੈਦਾ ਹੁੰਦੀ ਹੈ। ਬਾਇਓਗੈਸ ਨੂੰ ਫੜਿਆ ਜਾਂਦਾ ਹੈ ਅਤੇ ਸਾਫ਼ ਕਰਕੇ RNG ਬਣਾਇਆ ਜਾਂਦਾ ਹੈ। ਜਦੋਂ RNG ਨੂੰ ਉੱਤਰੀ ਅਮਰੀਕਾ ਦੇ ਕੁਦਰਤੀ ਗੈਸ ਸਿਸਟਮ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਤਾਂ ਇਹ ਰਵਾਇਤੀ ਕੁਦਰਤੀ ਗੈਸ ਨਾਲ ਮਿਲ ਜਾਂਦੀ ਹੈ। ਇਸਦਾ ਮਤਲਬ ਹੈ ਕਿ ਅਸੀਂ RNG ਨੂੰ ਕਿਸੇ ਖਾਸ ਗਾਹਕ ਵੱਲ ਭੇਜਣ ਵਿੱਚ ਅਸਮਰੱਥ ਹਾਂ। ਪਰ ਗੈਸ ਸਿਸਟਮ ਵਿੱਚ ਜਿੰਨੀ ਜ਼ਿਆਦਾ RNG ਸ਼ਾਮਲ ਕੀਤੀ ਜਾਂਦੀ ਹੈ, ਓਨੀ ਹੀ ਘੱਟ ਰਵਾਇਤੀ ਕੁਦਰਤੀ ਗੈਸ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਜੈਵਿਕ ਇੰਧਨ ਦੀ ਵਰਤੋਂ ਅਤੇ ਸਮੁੱਚੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ ਆਉਂਦੀ ਹੈ।

[2] ਜਦੋਂ ਰਵਾਇਤੀ ਕੁਦਰਤੀ ਗੈਸ ਦੇ ਜੀਵਨ ਚੱਕਰ ਕਾਰਬਨ ਤੀਬਰਤਾ ਨਾਲ ਤੁਲਨਾ ਕੀਤੀ ਜਾਂਦੀ ਹੈ। ForitsBC ਦੇ ਮੌਜੂਦਾ ਨਵੀਨੀਕਰਨਯੋਗ ਕੁਦਰਤੀ ਗੈਸ (ਜਿਸਨੂੰ RNG ਜਾਂ ਬਾਇਓਮੀਥੇਨ ਵੀ ਕਿਹਾ ਜਾਂਦਾ ਹੈ) ਪੋਰਟਫੋਲੀਓ ਦਾ ਬਰਨਰ ਟਿਪ ਐਮੀਸ਼ਨ ਫੈਕਟਰ ਪ੍ਰਤੀ ਮੈਗਾਜੂਲ ਊਰਜਾ ($gCO_2e$ /MJ) ਦੇ ਬਰਾਬਰ 0.27 ਗ੍ਰਾਮ ਕਾਰਬਨ ਡਾਈਆਕਸਾਈਡ ਹੈ। ਸਟੇਸ਼ਨਰੀ ਬਲਨ ਲਈ FortisBC ਦਾ ਮੌਜੂਦਾ RNG ਪੋਰਟਫੋਲੀਓ ਜੀਵਨਚੱਕਰ ਨਿਕਾਸ -22 $gCO_2e$/MJ ਹੈ। ਇਹ 2024 ਦੇ ਗ੍ਰੀਨਹਾਊਸ ਗੈਸ ਰਿਡਕਸ਼ਨ ਰੈਗੂਲੇਸ਼ਨ ਸੋਧਾਂ ਵਿੱਚ ਨਿਰਧਾਰਤ ਕੀਤੇ ਗਏ 30.8 $gCO_2e$/MJ ਦੇ ਜੀਵਨਚੱਕਰ ਕਾਰਬਨ ਤੀਬਰਤਾ ਲਈ ਬੀ.ਸੀ. ਦੇ ਘੱਟ ਕਾਰਬਨ ਥ੍ਰੈਸ਼ਹੋਲਡ ਤੋਂ ਹੇਠਾਂ ਹੈ।

# ਤੁਹਾਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਭਾਵੇਂ ਤੁਸੀਂ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਕਿਸੇ ਅਦਾਰੇ ਤੋਂ ਗੈਸ ਖ਼ਰੀਦਣ ਦੀ ਚੋਣ ਕਰੋ ਜਾਂ ਯੂਟਿਲਟੀ ਤੋਂ, ਦੋਵੇਂ ਸੂਰਤਾਂ ਵਿੱਚ ਯੂਟਿਲਟੀ ਇਹ ਯਕੀਨੀ ਬਣਾਉਣਾ ਜਾਰੀ ਰੱਖੇਗੀ ਕਿ ਤੁਹਾਡੇ ਘਰ ਜਾਂ ਕਾਰੋਬਾਰ ਨੂੰ ਗੈਸ ਦੀ ਡਲਿਵਰੀ ਸੁਰੱਖਿਅਤ, ਨਿਪੁੰਨ ਅਤੇ ਭਰੋਸੇਯੋਗ ਢੰਗ ਨਾਲ ਹੁੰਦੀ ਰਹੇ।

**ਗੈਸ ਲੀਕ ਹੋਣ ਦੀ ਸੂਰਤ ਵਿੱਚ ਜਾਂ ਕੋਈ ਹੋਰ ਐਮਰਜੈਂਸੀ ਹੋਣ ਦੀ ਸੂਰਤ ਵਿੱਚ** ਯੂਟਿਲਟੀ 24- ਘੰਟੇ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨੀ ਜਾਰੀ ਰੱਖੇਗੀ। ਜੇ ਤੁਹਾਨੂੰ ਗੈਸ ਦੀ ਬਦਬੂ ਆਵੇ ਜਾਂ ਗੈਸ ਨਾਲ ਸੰਬੰਧਤ ਕੋਈ ਹੋਰ ਐਮਰਜੈਂਸੀ ਹੋਵੇ ਤਾਂ FortisBC ਦੀ ਗੈਸ ਐਮਰਜੈਂਸੀ ਲਾਈਨ ਨੂੰ **1-800-663-9911** ’ਤੇ, ਆਪਣੇ ਸਥਾਨਕ ਫ਼ਾਇਰ ਵਿਭਾਗ ਨੂੰ, ਜਾਂ **911** ’ਤੇ ਫ਼ੋਨ ਕਰੋ।

**ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਦੀ ਨੈਚੂਰਲ ਗੈਸ ਦੀ ਕੀਮਤ ਬਾਰੇ ਪੁੱਛ-ਗਿੱਛ ਕਰਨ ਅਤੇ ਸਵਾਲ ਪੁੱਛਣ ਲਈ** ਗੈਸ ਦੀ ਮਾਰਕੀਟਿੰਗ ਕਰਨ ਵਾਲੇ ਅਦਾਰੇ ਨੂੰ ਤੁਹਾਡੀ ਸਟੇਟਮੈਂਟ ’ਤੇ ਦਿੱਤੇ ਫ਼ੋਨ ’ਤੇ ਸੰਪਰਕ ਕਰੋ।

**FortisBC ਗੈਸ ਕਸਟਮਰ ਸਰਵਿਸ** ਨਾਲ ਸੰਪਰਕ ਕਰਨ ਲਈ **1-888-224-2710** ’ਤੇ ਫ਼ੋਨ ਜਾਂ **gas.customerservice@fortisbc.com** ’ਤੇ ਈਮੇਲ ਕਰੋ।

# ਹਸਤਾਖਰ ਕਰਨ ਤੋਂ ਪਹਿਲਾਂ

ਖ਼ਪਤਕਾਰ ਵਜੋਂ ਇਕਰਾਰਨਾਮਾ ਕਰਨਾ ਇੱਕ ਗੰਭੀਰ ਇਕਰਾਰ ਹੈ ਅਤੇ ਅਜਿਹਾ ਕਰਨ ਤੋਂ ਪਹਿਲਾਂ ਆਪਣੀਆਂ ਚੋਣਾਂ ਬਾਰੇ ਜਾਣਨ ਲਈ ਸਮਾਂ ਕੱਢੋ। ਪ੍ਰੋਗਰਾਮ ਸੰਬੰਧੀ ਸੰਪੂਰਨ ਜਾਣਕਾਰੀ ਅਤੇ ਗੈਸ ਦੀ ਮਾਰਕੀਟਿੰਗ ਕਰਨ ਵਾਲੇ ਯੋਗਤਾ-ਪ੍ਰਾਪਤ ਅਦਾਰਿਆਂ ਦੀ ਸੂਚੀ ਲਈ **fortisbc.com/choice** ’ਤੇ ਜਾਓ।

ਇਹ ਪ੍ਰਕਾਸ਼ਨ ਬੀ.ਸੀ.ਯੂਟਿਲਟੀਜ਼ ਕਮਿਸ਼ਨ ਤਰਫ਼ੋਂ ਪੇਸ਼ ਕੀਤੀ ਗਈ ਹੈ। ਕਸਟਮਰ ਚੁਆਇਸ ਦਾ ਨਾਮ ਅਤੇ ਚਿੰਨ੍ਹ FortisBC Energy Inc. ਤੋਂ ਲਏ ਲਾਇਸੰਸ ਅਧੀਨ ਵਰਤਿਆ ਗਿਆ ਹੈ।

*Standard Information Booklet 10/2024 24-007.7*

CUSTOMER CHOICE